## 5. ਡਾ ਦੀਵਾਨ ਸਿੰਘ ਕਾਲੇਪਾਣੀ

### 1.ਵਗਦੇ ਪਾਣੀ

**(ੳ) ਪਾਣੀ ਵਗਦੇ ਹੀ ਰਹਿਣ,**
**ਕਿ ਵਗਦੇ ਸੁੰਹਦੇ ਨੇ,**
**ਖੜ੍ਹੋਂਦੇ ਬੁਸਦੇ ਨੇ,**
**ਕਿ ਪਾਣੀ ਵਗਦੇ ਹੀ ਰਹਿਣ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਜ਼ਿੰਦਗੀ ਦੀ ਪਾਣੀ ਨਾਲ ਤੁਲਨਾ ਕਰਕੇ ਉਸ ਦੇ ਨਿਰੰਤਰ ਚੱਲਦੇ ਰਹਿਣ ਦੀ ਇੱਛਾ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਦੋਵਾਂ ਦੇ ਨਿਰੰਤਰ ਚਲਦੇ ਰਹਿਣ ਕਰਕੇ ਹੀ ਦੋਵਾਂ ਦੀ ਤਾਜ਼ਗੀ ਬਣੀ ਰਹਿੰਦੀ ਹੈ।

**ਵਿਆਖਿਆ -** ਕਵੀ ਆਪਣੀ ਇੱਛਾ ਪ੍ਰਗਟ ਕਰਦਾ ਹੈ ਕਿ ਜ਼ਿੰਦਗੀ ਨੂੰ ਪਾਣੀ ਦੀ ਤਰ੍ਹਾਂ ਹਮੇਸ਼ਾ ਵਗਦੇ ਹੀ ਰਹਿਣਾ ਚਾਹੀਦਾ ਹੈ। ਜਿੰਦਗੀ ਚੱਲਦੀ ਅਤੇ ਪਾਣੀ ਵਗਦੇ ਹੀ ਸੋਹਣੇ ਲੱਗਦੇ ਹਨ। ਜੇਕਰ ਇਹ ਖੜ੍ਹ ਜਾਣ, ਤਾਂ ਪਾਣੀ ਵਿਚ ਬਦਬੂ ਪੈਦਾ ਹੋ ਜਾਂਦੀ ਹੈ ਅਤੇ ਜ਼ਿੰਦਗੀ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ। ਇਸ ਤੋਂ ਭਾਵ ਜਿਸ ਤਰ੍ਹਾਂ ਪਾਣੀ ਵਗਦੇ ਹੀ ਰਹਿਣੇ ਚਾਹੀਦੇ ਹਨ ਉਸ ਪ੍ਰਕਾਰ ਜ਼ਿੰਦਗੀ ਵਿੱਚ ਵੀ ਜਿੱਤਾਂ, ਹਾਰਾਂ ਅਤੇ ਸੰਘਰਸ਼ ਦਾ ਸਿਲਸਲਾ ਨਿਰੰਤਰ ਚੱਲਦਾ ਹੀ ਰਹਿਣਾ ਚਾਹੀਦਾ ਹੈ।

**(ਅ) ਜਿੰਦਾਂ ਮਿਲੀਆਂ ਹੀ ਰਹਿਣ,**
**ਕਿ ਮਿਲੀਆਂ ਜੀਂਦੀਆਂ ਨੇ,**
**ਵਿਛੜਿਆਂ ਮਰਦੀਆਂ ਨੇ,**
**ਕਿ ਜਿੰਦਾਂ ਮਿਲੀਆਂ ਹੀ ਰਹਿਣ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਜ਼ਿੰਦਗੀ ਦੇ ਨਿਰੰਤਰ ਚੱਲਦੇ ਰਹਿਣ ਦੀ ਇੱਛਾ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਮੇਲ-ਮਿਲਾਪ ਜੀਵਨ ਨੂੰ ਜਿਊਂਦਾ ਰੱਖਦਾ ਹੈ।

**ਵਿਆਖਿਆ -** ਕਵੀ ਲਿਖਦਾ ਹੈ ਕਿ ਮਨੁੱਖੀ ਜ਼ਿੰਦਗੀਆਂ ਆਪਸ ਵਿੱਚ ਮਿਲਦੀਆਂ ਰਹਿਣੀਆਂ ਚਾਹੀਦੀਆਂ ਹਨ। ਜੇਕਰ ਜ਼ਿੰਦਗੀਆਂ ਮਿਲਦੀਆਂ ਰਹਿਣਗੀਆਂ, ਤਾਂ ਹੀ ਉਹ ਜਿਉਂਦੀਆਂ ਰਹਿਣਗੀਆਂ। ਜਦੋਂ ਜੀਵਨ ਵਿਚ ਵਿਛੋੜਾ ਆ ਜਾਵੇ, ਤਾਂ ਜ਼ਿੰਦਗੀਆਂ ਮਰ ਜਾਂਦੀਆਂ ਹਨ। ਇਸ ਲਈ ਮਨੁੱਖੀ ਜ਼ਿੰਦਗੀਆਂ ਦਾ ਆਪਸੀ ਮਿਲਾਪ ਅਤੇ ਪਿਆਰ ਹਮੇਸ਼ਾ ਬਣਿਆ ਰਹਿਣਾ ਚਾਹੀਦਾ ਹੈ।

**(ੲ) ਰੂਹਾਂ ਉੱਡਦੀਆਂ ਹੀ ਰਹਿਣ,**
**ਇਹ ਉੱਡਿਆਂ ਚੜ੍ਹਦੀਆਂ ਨੇ,**
**ਅਟਕਿਆਂ ਡਿਗਦੀਆਂ ਨੇ,**
**ਕਿ ਰੂਹਾਂ ਉੱਡਦੀਆਂ ਹੀ ਰਹਿਣ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਜ਼ਿੰਦਗੀ ਦੇ ਨਿਰੰਤਰ ਚੱਲਦੇ ਰਹਿਣ ਦੀ ਇੱਛਾ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਰੂਹਾਂ ਉੱਡਦੀਆਂ ਰਹਿਣੀਆਂ ਚਾਹੀਦੀਆਂ ਹਨ।

**ਵਿਆਖਿਆ -** ਕਵੀ ਕਹਿੰਦਾ ਹੈ ਕਿ ਮਨੁੱਖ ਅੰਦਰ ਵਸਦੀਆਂ ਰੂਹਾਂ ਸਦਾ ਉੱਚੀਆਂ ਉਡਾਰੀਆਂ ਮਾਰਦੀਆਂ ਰਹਿਣੀਆਂ ਚਾਹੀਦੀਆਂ ਹਨ, ਕਿਉਂਕਿ ਜੋ ਰੂਹਾਂ ਉੱਚੀਆਂ ਉਡਾਰੀਆਂ ਮਾਰਦੀਆਂ ਹਨ, ਉਹੀ ਜੀਵਨ ਵਿੱਚ ਵਿਕਾਸ ਦੀ ਰਾਹ ਉਪਰ ਚੱਲਦੀਆਂ ਹੋਈਆਂ ਮੰਜਿਲ ਨੂੰ ਪਾਰ ਕਰਦੀਆਂ ਹਨ। ਜੇਕਰ ਰੂਹਾਂ ਅੰਦਰ ਉਡਾਰੀਆਂ ਭਰਨ ਦੇ ਯਤਨ ਖਤਮ ਹੋ ਜਾਣ, ਤਾਂ ਉਹ ਗਿਰਾਵਟ ਵੱਲ ਨੂੰ ਚਲੀਆਂ ਜਾਂਦੀਆਂ ਹਨ। ਇਸ ਲਈ ਮਨੁੱਖੀ ਜੀਵਨ ਅੰਦਰ ਕਦੇ ਠਹਿਰ ਨਹੀਂ ਆਉਣੀ ਚਾਹੀਦੀ ਅਤੇ ਮਨੁੱਖੀ ਰੂਹਾਂ ਹਮੇਸ਼ਾ ਉੱਡਦੀਆਂ ਹੀ ਰਹਿਣੀਆਂ ਚਾਹੀਦੀਆਂ ਹਨ।

**(ਸ) ਤੇ ਮੈਂ ਟੁਰਦਾ ਹੀ ਰਹਾਂ,**
**ਕਿ ਟੁਰਿਆਂ ਵਧਦਾ ਹਾਂ,**
**ਖਲੋਇਆਂ ਘਟਣਾ ਹਾਂ,**
**ਕਿ ਹਾਂ, ਮੈਂ ਟੁਰਦਾ ਹੀ ਰਹਾਂ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਜ਼ਿੰਦਗੀ ਦੇ ਨਿਰੰਤਰ ਚੱਲਦੇ ਰਹਿਣ ਦੀ ਇੱਛਾ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਤੁਰਦੇ ਰਹਿਣ ਨਾਲ ਹੀ ਜੀਵਨ ਦਾ ਵਿਕਾਸ ਹੁੰਦਾ ਹੈ।

**ਵਿਆਖਿਆ -** ਕਵੀ ਆਪਣੀ ਇਛਾ ਪ੍ਰਗਟ ਕਰਦੇ ਹੋਏ ਕਹਿੰਦਾ ਹੈ ਕਿ ਉਹ ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਹਮੇਸ਼ਾ ਤੁਰਦਾ ਹੀ ਰਹਿਣਾ ਚਾਹੁੰਦਾ ਹੈ, ਕਿਉਂਕਿ ਤੁਰਨ ਨਾਲ ਹੀ ਉਹ ਅੱਗੇ ਵਧਦਾ ਰਹਿ ਸਕਦਾ ਹੈ। ਉਹ ਕਦੇ ਵੀ ਰੁਕਣਾ ਨਹੀਂ ਚਾਹੁੰਦਾ, ਕਿਉਂਕਿ ਰੁਕਣ ਨਾਲ ਉਸ ਦਾ ਵਿਕਾਸ ਨਹੀਂ ਹੋਵੇਗਾ, ਸਗੋਂ ਉਹ ਪਤਨ ਵੱਲ ਜਾਵੇਗਾ। ਇਸ ਲਈ ਜੀਵਨ ਵਿੱਚ ਹਮੇਸ਼ਾ ਉਹ ਤੁਰਦਾ ਹੋਇਆ ਅੱਗੇ ਤੋਂ ਅੱਗੇ ਹੀ ਵਧਦਾ ਰਹਿਣਾ ਚਾਹੁੰਦਾ ਹੈ।

## ਕੇਂਦਰੀ ਭਾਵ

ਜੀਵਨ ਨੂੰ ਪਾਣੀ ਵਾਂਗ ਹਮੇਸ਼ਾ ਚਲਦੇ ਰਹਿਣਾ ਚਾਹੀਦਾ ਹੈ, ਕਿਉਂਕਿ ਇਸ ਦੇ ਚੱਲਦੇ ਰਹਿਣ ਵਿਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਹੈ। ਮਨੁੱਖੀ ਜੀਵਨ ਦੀ ਏਕਤਾ ਹੀ ਉਸ ਨੂੰ ਜਿਉਂਦਾ ਰੱਖਦੀ ਹੈ। ਉਸ ਦੀਆਂ ਰੂਹਾਂ ਉਡਾਰੀਆਂ ਭਰਦੀਆਂ ਹਨ ਅਤੇ ਵਿਕਾਸ ਦੀਆਂ ਉੱਚੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰਦੀਆਂ ਹਨ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਵਗਦੇ ਪਾਣੀ' ਕਵਿਤਾ ਕਿਸ ਕਵੀ ਦੀ ਲਿਖੀ ਹੋਈ ਹੈ ?**

ਉੱਤਰ – ਡਾ: ਦੀਵਾਨ ਸਿੰਘ ਕਾਲੇਪਾਣੀ ।

**ਪ੍ਰਸ਼ਨ 2. 'ਵਗਦੇ ਪਾਣੀ' ਕਵਿਤਾ ਅਨੁਸਾਰ ਕਿਹੜੇ ਪਾਣੀ ਬੁੱਸ ਜਾਂਦੇ ਹਨ** ?

ਉੱਤਰ – ਖੜ੍ਹੇ ।

**ਪ੍ਰਸ਼ਨ 3. 'ਵਗਦੇ ਪਾਣੀ' ਕਵਿਤਾ ਅਨੁਸਾਰ ਕਿਹੜੀਆਂ ਜਿੰਦਾਂ ਜਿਊਂਦੀਆਂ ਹਨ** ?

ਉੱਤਰ - ਮਿਲੀਆਂ ਰਹਿਣ ਵਾਲੀਆਂ ।

**ਪ੍ਰਸ਼ਨ 4. 'ਵਗਦੇ ਪਾਣੀ' ਕਵਿਤਾ ਅਨੁਸਾਰ ਕਵੀ ਨੂੰ ਤੁਰਦੇ ਰਹਿਣ ਵਿੱਚ ਕੀ ਦਿਖਾਈ ਦਿੰਦਾ ਹੈ** ?

ਉੱਤਰ - ਵਾਧਾ ।

**ਪ੍ਰਸ਼ਨ 5. ਕਵੀ ਨੂੰ ਖੜ੍ਹੇ ਹੋਣ ਵਿੱਚ ਕੀ ਵਿਖਾਈ ਦਿੰਦਾ ਹੈ** ?

ਉੱਤਰ – ਨੁਕਸਾਨ ।

## 2. ਫ਼ਕੀਰ ਦੀ ਸਦਾ

**(ੳ) ਦਿਓ-ਕਿ ਵਧੋਗੇ, ਵੰਡੋ - ਨਾ ਮੁੱਕੋਗੇ,**
**ਖੁਆਓ - ਕਿ ਖਓਗੇ, ਜਿਊਣ ਦਿਓ-ਕਿ ਜੀਵੋਗੇ ।**
**ਗੱਫੇ ਦਿਹ, ਭਰ - ਭਰ ਬਾਟੇ,**
**ਪਿਆਰ ਦੇ , ਉੱਦਮ ਦੇ , ਖ਼ੁਸ਼ੀ ਦੇ , ਖੇੜੇ ਦੇ,**
**ਗੁਆਂਢੀਆਂ ਨੂੰ , ਯਾਰਾਂ ਨੂੰ , ਗ਼ੈਰਾਂ ਨੂੰ , ਨਾ-ਮਹਿਰਮਾਂ ਨੂੰ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਫ਼ਕੀਰ ਦੀ ਸਦਾ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਮਨੁੱਖ ਨੂੰ ਪ੍ਰਮਾਤਮਾ ਦੀਆਂ ਮਿਹਰਾਂ ਅਤੇ ਦਾਤਾਂ ਪ੍ਰਾਪਤ ਕਰਨ ਲਈ ਰਲ-ਮਿਲ ਕੇ ਰਹਿਣ, ਵੰਡ ਕੇ ਖਾਣ ਅਤੇ ਪਿਆਰ, ਉੱਦਮ ਤੇ ਖ਼ੁਸ਼ੀਆਂ ਵੰਡਣ ਦਾ ਸੁਨੇਹਾ ਦਿੰਦਾ ਹੈ।

**ਵਿਆਖਿਆ** - ਕਵੀ ਫ਼ਕੀਰ ਦੇ ਰੂਪ ਵਿੱਚ ਮਨੁੱਖਤਾ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ ਕਿ ਜੇਕਰ ਅਸੀਂ ਦੂਸਰਿਆਂ ਨੂੰ ਵੰਡਾਂਗੇ, ਤਾਂ ਸਾਡੇ ਧਨ-ਮਾਲ ਵਿੱਚ ਵੀ ਵਾਧਾ ਹੋਵੇਗਾ। ਜੋ ਮਨੁੱਖ ਦੂਸਰਿਆਂ ਨੂੰ ਵੰਡ ਸਕਦੇ ਹਨ, ਉਨ੍ਹਾਂ ਨੂੰ ਵੰਡ ਦੇਣਾ ਚਾਹੀਦਾ ਹੈ। ਵੰਡਣ ਨਾਲ ਉਨ੍ਹਾਂ ਦਾ ਕੁਝ ਵੀ ਖਤਮ ਨਹੀਂ ਹੋਵੇਗਾ। ਜਿੰਨਾ ਦੂਸਰਿਆਂ ਨੂੰ ਖੁਆ ਸਕਦੇ ਹਾਂ ਖੁਆ ਦੇਣਾ ਚਾਹੀਦਾ ਹੈ। ਵੰਡਣ ਨਾਲ ਕੁਝ ਵੀ ਖਤਮ ਨਹੀਂ ਹੁੰਦਾ। ਸਾਨੂੰ ਦੂਸਰਿਆਂ ਨੂੰ ਜਿਊਣ ਦੇਣਾ ਚਾਹੀਦਾ ਹੈ। ਉਨ੍ਹਾਂ ਦੀ ਜ਼ਿੰਦਗੀ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਪੈਦਾ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਕਰਨ ਨਾਲ ਮਨੁੱਖੀ ਜੀਵਨ ਵਿੱਚ ਆਨੰਦ ਅਤੇ ਸੌਖ ਉਤਪੰਨ ਹੋਵੇਗੀ। ਸਾਨੂੰ ਚਾਹੀਦਾ ਹੈ ਕਿ ਗੁਆਂਢੀਆਂ ਨੂੰ, ਮਿੱਤਰਾਂ ਨੂੰ ਅਤੇ ਪਰਾਇਆਂ ਨੂੰ, ਪਿਆਰ ਦੇ, ਉੱਦਮ ਦੇ ਅਤੇ ਖ਼ੁਸ਼ੀ ਤੇ ਖੇੜੇ ਦੇ ਬਾਟੇ ਭਰ-ਭਰ ਵੰਡਣੇ ਚਾਹੀਦੇ ਹਨ।

**(ਅ) ਤੇ ਸਭ ਦਾ ਰੱਬ,**
**ਭੰਡਾਰ ਖੋਲ੍ਹ ਦਏਗਾ, ਤੁਹਾਡੇ ਲਈ,**
**ਰਹਿਮਤਾਂ ਦੇ, ਰਹਿਮਾਂ ਦੇ, ਬਖ਼ਸ਼ਸ਼ਾਂ ਦੇ,**
**ਤੇ ਸਦਾ ਰੱਖੇਗਾ ਤੁਹਾਨੂੰ,**
**ਛਤਰ - ਛਾਇਆ ਹੇਠ ਆਪਣੀ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਫ਼ਕੀਰ ਦੀ ਸਦਾ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਮਨੁੱਖ ਨੂੰ ਪ੍ਰਮਾਤਮਾ ਦੀਆਂ ਮਿਹਰਾਂ ਅਤੇ ਦਾਤਾਂ ਪ੍ਰਾਪਤ ਕਰਨ ਲਈ ਰਲ-ਮਿਲ ਕੇ ਰਹਿਣ, ਵੰਡ ਕੇ ਖਾਣ ਅਤੇ ਪਿਆਰ, ਉੱਦਮ ਤੇ ਖ਼ੁਸ਼ੀਆਂ ਵੰਡਣ ਦਾ ਸੁਨੇਹਾ ਦਿੰਦਾ ਹੈ।

**ਵਿਆਖਿਆ -** ਕਵੀ ਮਨੁੱਖ ਨੂੰ ਕਹਿੰਦਾ ਹੈ ਕਿ ਜੇਕਰ ਮਨੁੱਖ ਆਪਣੇ ਜੀਵਨ-ਢੰਗ ਨੂੰ ਦੂਸਰਿਆਂ ਨੂੰ ਦਾਨ ਦੇਣ ਵਾਲਾ, ਵੰਡ ਕੇ ਖਾਣ ਵਾਲਾ, ਅਤੇ ਜਿਊਣ ਦੇਣ ਵਾਲਾ ਬਣਾ ਲਵੇਗਾ ਅਤੇ ਆਪਣੇ ਗੁਆਂਢੀਆਂ ਨੂੰ, ਮਿੱਤਰਾਂ ਨੂੰ , ਪਰਾਇਆਂ ਨੂੰ ਅਤੇ ਬਿਗਾਨਿਆਂ ਨੂੰ ਪਿਆਰ, ਉੱਦਮ ਅਤੇ ਖ਼ੁਸ਼ੀਆਂ ਵੰਡੇਗਾ, ਤਾਂ ਪ੍ਰਮਾਤਮਾ ਉਸ ਲਈ ਬਹੁਤ ਸਾਰੀਆਂ ਰਹਿਮਤਾਂ ਅਤੇ ਦਾਤਾਂ ਦੇ ਭੰਡਾਰ ਖੋਲ੍ਹ ਦੇਵੇਗਾ। ਇਸ ਪ੍ਰਕਾਰ ਮਨੁੱਖਤਾ ਦੀ ਸੇਵਾ ਕਰਨ ਲਈ ਸਾਡੇ ਵੰਡਣ ਨਾਲ ਕੁਝ ਵੀ ਘਟਦਾ ਨਹੀਂ, ਸਗੋਂ ਪ੍ਰਮਾਤਮਾ ਸਾਡੇ ਤੇ ਹੋਰ ਬਖ਼ਸ਼ਿਸ਼ਾਂ ਕਰਦਾ ਹੈ।

## ਕੇਂਦਰੀ ਭਾਵ

ਜੇਕਰ ਲੋਕ ਦੂਜਿਆਂ ਨੂੰ ਦਾਨ ਦੇਣ, ਵੰਡ ਕੇ ਖਾਣ ਅਤੇ ਦੂਸਰਿਆਂ ਨੂੰ ਜਿਉਣ ਦੇਣ ਨੂੰ ਆਪਣੀ ਜੀਵਨ ਵਿਧੀ ਦਾ ਅੰਗ ਬਣਾ ਲੈਣ ਅਤੇ ਸਭ ਲਈ ਪਿਆਰ, ਉੱਦਮ ਤੇ ਖੁਸ਼ੀਆਂ-ਖੇੜੇ ਵੰਡਣ, ਤਾਂ ਉਨ੍ਹਾਂ ਲਈ ਰਹਿਮਤਾਂ ਤੇ ਬਖ਼ਸ਼ਿਸ਼ਾਂ ਦੇ ਭੰਡਾਰ ਪ੍ਰਮਾਤਮਾ ਆਪ ਖੋਲ੍ਹ ਦੇਵੇਗਾ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਫਕੀਰ ਦੀ ਸਦਾ' ਕਵਿਤਾ ਕਿਸ ਕਵੀ ਦੀ ਰਚਨਾ ਹੈ** ?

ਉੱਤਰ – ਡਾ: ਦੀਵਾਨ ਸਿੰਘ ਕਾਲੇਪਾਣੀ ।

**ਪ੍ਰਸ਼ਨ 2. 'ਫਕੀਰ ਦੀ ਸਦਾ' ਕਵਿਤਾ ਅਨੁਸਾਰ ਜਿਊਣ ਦੇਣ ਨਾਲ ਕੀ ਪ੍ਰਾਪਤੀ ਹੁੰਦਾ ਹੈ** ?

ਉੱਤਰ - ਜਿਊਣਾ ।

**ਪ੍ਰਸ਼ਨ 3. ਪ੍ਰਮਾਤਮਾ ਮਿਹਰਾਂ ਅਤੇ ਬਖ਼ਸ਼ਿਸ਼ਾ ਦੇ ਭੰਡਾਰ ਕਿੰਨਾਂ ਲਈ ਖੋਲ੍ਹ ਦਿੰਦਾ ਹੈ ?**

ਉੱਤਰ - ਜੋ ਪਿਆਰ, ਉੱਦਮ ਤੇ ਖੁਸ਼ੀਆਂ ਵੰਡਦੇ ਹਨ ।

**ਪ੍ਰਸ਼ਨ 4. ਗੁਆਂਢੀਆਂ, ਮਿੱਤਰਾਂ ਤੇ ਪਰਾਇਆਂ ਨੂੰ ਕਿਸ ਚੀਜ ਦੇ ਬਾਟੇ ਭਰ-ਭਰ ਵੰਡਣੇ ਚਾਹੀਦੇ ਹਨ ?**

ਉੱਤਰ – ਪਿਆਰ, ਉੱਦਮ ਅਤੇ ਖੁਸ਼ੀ ਤੇ ਖੇੜੇ ਦੇ ।

**ਪ੍ਰਸ਼ਨ 5. ਮਨੁੱਖ ਨੂੰ ਜਿਊਣ ਵਿਧੀ ਦਾ ਅੰਗ ਕਿਸ ਚੀਜ਼ ਨੂੰ ਬਣਾ ਲੈਣਾ ਚਾਹੀਦਾ ਹੈ ?**

ਉੱਤਰ - ਦਾਨ ਦੇਣਾ ।

## 3. ਭਗਤ ਨੂੰ

**(ੳ) ਭਗਤ ! ਓ ਭਗਤ !**

**ਕਿਹੜੇ ਰੱਬ ਨੂੰ ਪਿਆ ਢੂੰਡਨਾ ਏਂ ? ਮੈਨੂੰ ਢੂੰਡ।**

**ਰੱਬ ਨੂੰ ਜਾਣਨ ਦੇ ਜਤਨ ਕਿਉਂ ਕਰਨਾ ਏਂ ? ਮੈਨੂੰ ਜਾਣ।**

**ਰੱਬ ਨੂੰ ਪੂਜਨਾ ਕਿਉਂ ਏਂ ? ਮੈਨੂੰ ਪੂਜ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਭਗਤ ਨੂੰ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਪ੍ਰਮਾਤਮਾ ਦੀ ਪੂਜਾ ਕਰਨ ਵਾਲੇ ਭਗਤ ਨੂੰ ਸੰਬੋਧਨ ਕਰਕੇ ਰੱਬ ਦੀ ਪੂਜਾ ਕਰਨ ਦੀ ਥਾਂ ਮਨੁੱਖਤਾ ਦੀ ਪੂਜਾ ਕਰਨ ਲਈ ਕਹਿੰਦਾ ਹੈ, ਕਿਉਂਕਿ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਆਪ ਵਸਦਾ ਹੈ।

**ਵਿਆਖਿਆ -** ਕਵੀ ਰੱਬ ਦੀ ਪੂਜਾ ਕਰਨ ਵਾਲੇ ਭਗਤ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਉਹ ਪ੍ਰਮਾਤਮਾ ਨੂੰ ਲੱਭਣ ਦੇ ਯਤਨ ਕਿਵੇਂ ਕਰ ਰਿਹਾ ਹੈ? ਉਸ ਨੂੰ ਪ੍ਰਮਾਤਮਾ ਨੂੰ ਉਸ ਥਾਂ ਲੱਭਣਾ ਚਾਹੀਦਾ ਹੈ, ਜਿੱਥੇ ਉਹ ਮਿਲੇਗਾ। ਇਸ ਲਈ ਉਹ ਪ੍ਰਮਾਤਮਾ ਦੀ ਪੂਜਾ ਨਾ ਕਰਕੇ, ਉਸ ਨੂੰ ਲੱਭਣ ਦੇ ਯਤਨ ਕਰਨੇ ਛੱਡ ਕੇ ਮਨੁੱਖ ਨੂੰ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਹ ਰੱਬ ਦੀ ਪੂਜਾ ਕਿਉਂ ਕਰਦਾ ਹੈ? ਉਸ ਨੂੰ ਮਨੁੱਖ ਦੀ ਪੂਜਾ ਕਰਨੀ ਚਾਹੀਦੀ ਹੈ।

**(ਅ) ਕਿ, ਮੈਨੂੰ ਜਾਣੇ ਬਿਨਾਂ, ਰੱਬ ਨੂੰ ਨਾ ਜਾਣੇਂਗਾ,**

**ਮੈਨੂੰ ਮਿਲੇ ਬਿਨਾਂ, ਰੱਬ ਨੂੰ ਨਾ ਮਿਲੇਂਗਾ,**

**ਮੈਨੂੰ ਪੂਜੇ ਬਿਨਾਂ, ਰੱਬ ਨੂੰ ਨਾ ਪੂਜੇਂਗਾ।**

**ਮੇਰੇ ਤੋਂ ਵਡੇਰੀ , ਮੇਰੇ ਤੋਂ ਵਧੇਰੇ ਅਸਚਰਜ ਸ਼ੈ , ਹੋਰ ਕਾਈ ਨਹੀਂ ।**

**ਰੱਬ ਮੇਰੇ ਵਿਚ ਵਸਦਾ ਏ, ਰਹਿੰਦਾ ਏ।**

**ਤੂੰ ਭੀ ਮੇਰੇ ਵਿਚ ਵੱਸ, ਕਿ ਰੱਬ ਵਿਚ ਰਹੇਂ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਭਗਤ ਨੂੰ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਪ੍ਰਮਾਤਮਾ ਦੀ ਪੂਜਾ ਕਰਨ ਵਾਲੇ ਭਗਤ ਨੂੰ ਸੰਬੋਧਨ ਕਰਕੇ ਰੱਬ ਦੀ ਪੂਜਾ ਕਰਨ ਦੀ ਥਾਂ ਮਨੁੱਖਤਾ ਦੀ ਪੂਜਾ ਕਰਨ ਲਈ ਕਹਿੰਦਾ ਹੈ, ਕਿਉਂਕਿ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਆਪ ਵਸਦਾ ਹੈ। ਇਸ ਲਈ ਮਨੁੱਖ ਦੀ ਪੂਜਾ ਕਰਨ ਨਾਲ ਹੀ ਪ੍ਰਮਾਤਮਾ ਦੇ ਨੇੜੇ ਹੋਇਆ ਜਾ ਸਕਦਾ ਹੈ।

**ਵਿਆਖਿਆ -** ਕਵੀ ਰੱਬ ਦੀ ਪੂਜਾ ਕਰ ਰਹੇ ਭਗਤ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਰੱਬ ਦੀ ਭਾਲ ਤੇ ਪੂਜਾ ਛੱਡ ਕੇ ਉਹ ਮਨੁੱਖ ਨੂੰ ਪੂਜੇ, ਉਸ ਦੀ ਪੂਜਾ ਕਰੇ, ਉਸ ਨੂੰ ਲੱਭੇ ਅਤੇ ਉਸ ਨੂੰ ਜਾਣੇ ਕਿਉਂਕਿ ਉਸਦੇ ਜਾਣੇ ਬਿਨਾਂ ਰੱਬ ਨੂੰ ਨਹੀਂ ਜਾਣਿਆ ਜਾ ਸਕਦਾ। ਉਸ ਨੂੰ ਮਿਲੇ ਬਿਨਾਂ ਰੱਬ ਨੂੰ ਨਹੀਂ ਮਿਲਿਆ ਜਾ ਸਕਦਾ। ਉਸ ਦੀ ਪੂਜਾ ਕੀਤੇ ਬਿਨਾਂ ਰੱਬ ਦੀ ਪੂਜਾ ਨਹੀਂ ਕੀਤੀ ਜਾ ਸਕਦੀ। ਮਨੁੱਖ ਤੋਂ ਵੱਡੀ ਤੇ ਅਨੋਖੀ ਚੀਜ ਦੁਨੀਆਂ ਉੱਪਰ ਹੋਰ ਕੋਈ ਨਹੀਂ। ਇਸ ਵਿੱਚ ਹੀ ਰੱਬ ਵਸਦਾ ਹੈ। ਇਸ ਲਈ ਭਗਤ ਨੂੰ ਵੀ ਮਨੁੱਖ ਵਿੱਚ ਹੀ ਵਸਣਾ ਚਾਹੀਦਾ ਹੈ, ਤਾਂ ਹੀ ਉਹ ਸੱਚੇ ਰੱਬ ਵਿੱਚ ਵੱਸ ਸਕਦਾ ਹੈ।

**(ੲ) ਮੇਰੇ ਪਿਆਰੇ , ਮੇਰੀ ਗਲਵੱਕੜੀ ਵਿਚ ਰੱਬ ਵੱਸਦਾ ਏ।**

**ਤੂੰ ਭੀ ਮੇਰੇ ਪਿਆਰ ਵਿਚ ਆ, ਮੇਰੀ ਗਲਵੱਕੜੀ ਵਿਚ ਰਹੁ।**

**ਕਿ ਰੱਬ ਵਿਚ ਵੱਸੇਂ ।**
**ਹਾਏ ! ਤੈਨੂੰ ਰੱਬ ਨਹੀਂ ਅਜੇ ਤਕ ਦਿੱਸਿਆ ?**
**ਅਖਾਂ ਖੋਲ੍ਹ ਤੇ ਵੇਖ, ਕਿ ਉਹ ਮੇਰੇ ਵਿਚ ਹੈ ਈ ।**

**ਪ੍ਰਸੰਗ -** ਇਹ ਕਾਵਿ-ਟੋਟਾ ਨੌਵੀਂ ਜਮਾਤ ਦੀ ਪੰਜਾਬੀ ਦੀ 'ਸਾਹਿਤ-ਮਾਲਾ' ਪੁਸਤਕ ਵਿੱਚ ਦਰਜ ਡਾ: ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਭਗਤ ਨੂੰ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਕਵੀ ਪ੍ਰਮਾਤਮਾ ਦੀ ਪੂਜਾ ਕਰਨ ਵਾਲੇ ਭਗਤ ਨੂੰ ਸੰਬੋਧਨ ਕਰਕੇ ਰੱਬ ਦੀ ਪੂਜਾ ਕਰਨ ਦੀ ਥਾਂ ਮਨੁੱਖਤਾ ਦੀ ਪੂਜਾ ਕਰਨ ਲਈ ਕਹਿੰਦਾ ਹੈ, ਕਿਉਂਕਿ ਹਰ ਮਨੁੱਖ ਦੇ ਅੰਦਰ ਪ੍ਰਮਾਤਮਾ ਆਪ ਵਸਦਾ ਹੈ। ਇਸ ਲਈ ਮਨੁੱਖਤਾ ਨੂੰ ਪਿਆਰ ਕਰਨ ਨਾਲ ਪ੍ਰਮਾਤਮਾ ਦਾ ਪਿਆਰ ਮਿਲਦਾ ਹੈ।

**ਵਿਆਖਿਆ -** ਕਵੀ ਭਗਤ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ ਕਿ ਰੱਬ ਉਸਦੀ ਗਲਵੱਕੜੀ ਵਿੱਚ ਵੱਸਦਾ ਹੈ। ਉਹ ਵੀ ਉਸ ਨੂੰ ਪਿਆਰ ਕਰੇ ਅਤੇ ਉਸ ਦੀ ਗਲਵੱਕੜੀ ਵਿੱਚ ਆ ਜਾਵੇ। ਇਸ ਤਰ੍ਹਾਂ ਉਸ ਦਾ ਰੱਬ ਵਿੱਚ ਨਿਵਾਸ ਹੋ ਜਾਵੇਗਾ। ਜੇ ਉਸ ਨੂੰ ਹੁਣ ਤੱਕ ਉਸ ਵਿੱਚੋਂ ਰੱਬ ਨਹੀਂ ਦਿਸਿਆ, ਤਾਂ ਉਹ ਅੱਖਾਂ ਖੋਲ੍ਹ ਕੇ ਧਿਆਨ ਨਾਲ ਵੇਖੇ ਉਸ ਨੂੰ ਉਸ ਵਿੱਚ ਭਾਵ ਮਨੁੱਖ ਵਿੱਚ ਹੀ ਪਰਮਾਤਮਾ ਵੱਸਦਾ ਹੋਇਆ ਨਜ਼ਰ ਆਵੇਗਾ।

## ਕੇਂਦਰੀ ਭਾਵ

ਰੱਬ ਇਧਰ-ਉਧਰ ਭਾਲ ਕਰਨ ਜਾਂ ਪੂਜਾ ਪਾਠ ਕਰਨ ਨਾਲ ਨਹੀਂ ਮਿਲਦਾ। ਪਰਮਾਤਮਾ ਮਨੁੱਖੀ ਪਿਆਰ ਅਤੇ ਗਲਵੱਕੜੀ ਵਿੱਚੋਂ ਮਿਲਦਾ ਹੈ, ਕਿਉਂਕਿ ਪ੍ਰਮਾਤਮਾ ਦਾ ਨਿਵਾਸ ਮਨੁੱਖ ਵਿੱਚ ਹੈ। ਇਸ ਕਰਕੇ ਸਾਨੂੰ ਮਨੁੱਖਤਾ ਨੂੰ ਪਿਆਰ ਕਰਨਾ ਚਾਹੀਦਾ ਹੈ, ਜਿਸ ਵਿੱਚ ਰੱਬ ਦਾ ਨਿਵਾਸ ਹੈ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਭਗਤ ਨੂੰ' ਕਵਿਤਾ ਕਿਸ ਕਵੀ ਦੀ ਲਿਖੀ ਹੋਈ ਹੈ** ?
ਉੱਤਰ – ਡਾ: ਦੀਵਾਨ ਸਿੰਘ ਕਾਲੇਪਾਣੀ ।

**ਪ੍ਰਸ਼ਨ 2. ਭਗਤ ਕਿਸ ਵਿੱਚ ਰੱਬ ਦੀ ਪਛਾਣ ਕਰਨ ਤੋਂ ਅਸਮਰੱਥ ਰਹਿੰਦਾ ਹੈ** ?
ਉੱਤਰ - ਮਨੁੱਖ ਵਿੱਚ ।

**ਪ੍ਰਸ਼ਨ 3. 'ਭਗਤ ਨੂੰ' ਕਵਿਤਾ ਅਨੁਸਾਰ ਰੱਬ ਕਿਸ ਦੀ ਗਲਵੱਕੜੀ ਵਿੱਚ ਵੱਸਦਾ ਹੈ** ?
ਉੱਤਰ - ਮਨੁੱਖ ਦੀ ।

**ਪ੍ਰਸ਼ਨ 4. ਮਨੁੱਖ ਆਪਣੇ ਆਪ ਨੂੰ ਜਾਣੇ ਬਿਨਾਂ ਕਿਸ ਨੂੰ ਨਹੀਂ ਜਾਣ ਸਕੇਗਾ ?**
ਉੱਤਰ - ਰੱਬ ਨੂੰ ।

**ਪ੍ਰਸ਼ਨ 5. ਕਵੀ ਭਗਤ ਨੂੰ ਕਿਸ ਨੂੰ ਢੂੰਡਣ ਲਈ ਕਹਿੰਦਾ ਹੈ** ?
ਉੱਤਰ - ਮਨੁੱਖ ਨੂੰ ।